WorkSafeBC | ਨਿਊਜ਼ ਰਿਲੀਜ਼

# ਵਰਕਸੇਫ ਬੀ ਸੀ ਅਣਸੁਰੱਖਿਅਤ ਕੰਮ ਕਰਨ ਤੋਂ ਨਾਂਹ ਕਰਨ ਲਈ ਨਿਯਮ ਬਦਲਦੀ ਹੈ ਤਾਂ ਕਿ ਵਰਕਰ ਹੋਰ ਜ਼ਿਆਦਾ ਜਾਣਕਾਰੀ ਆਧਾਰਿਤ ਫੈਸਲੇ ਕਰ ਸਕਣ

*ਹੁਣ ਕੰਮ ਮਾਲਕਾਂ ਨੂੰ ਕਿਸੇ ਹੋਰ ਵਰਕਰ ਨੂੰ ਕੰਮ ਕਰਨ ਲਈ ਕਹਿਣ ਤੋਂ ਪਹਿਲਾਂ ਵਰਕਰਾਂ ਨੂੰ ਪਹਿਲਾਂ ਕੰਮ ਤੋਂ ਕੀਤੀ ਨਾਂਹ ਬਾਰੇ ਦੱਸਣਾ ਪਵੇਗਾ*

**ਰਿਚਮੰਡ, ਬੀ. ਸੀ. (22 ਅਗਸਤ, 2022) -** ਆਕੂਪੇਸ਼ਨਲ ਹੈਲਥ ਐਂਡ ਸੇਫਟੀ ਰੈਗੂਲੇਸ਼ਨ (ਓ ਐੱਚ ਐੱਸ ਆਰ) ਵਿੱਚ 22 ਅਗਸਤ 2022 ਨੂੰ ਤਬਦੀਲੀਆਂ ਲਾਗੂ ਹੋ ਰਹੀਆਂ ਹਨ ਜਿਹੜੀਆਂ ਵਰਕਰਾਂ ਵੱਲੋਂ ਅਣਸੁਰੱਖਿਅਤ ਕੰਮ ਕਰਨ ਤੋਂ ਨਾਂਹ ਕਰਨ ਦੀਆਂ ਸੁਰੱਖਿਆਵਾਂ ਨੂੰ ਮਜ਼ਬੂਤ ਕਰਨਗੀਆਂ। ਇਕ ਵਰਕਰ ਦਾ ਅਣਸੁਰੱਖਿਅਤ ਕੰਮ ਕਰਨ ਤੋਂ ਨਾਂਹ ਕਰਨ ਦਾ ਅਧਿਕਾਰ ਇਹ ਯਕੀਨੀ ਬਣਾਉਣ ਲਈ ਜ਼ਰੂਰੀ ਤੱਤ ਹੈ ਕਿ ਕੰਮ ਸੁਰੱਖਿਅਤ ਤਰੀਕੇ ਨਾਲ ਹੋਵੇ। ਬੀ. ਸੀ. ਵਿੱਚ ਸਾਰੇ ਵਰਕਰਾਂ ਨੂੰ ਉੱਥੇ ਕੰਮ ਕਰਨ ਤੋਂ ਨਾਂਹ ਕਰਨ ਦਾ ਹੱਕ ਹੈ ਜਿੱਥੇ ਇਹ ਯਕੀਨ ਕਰਨ ਦਾ ਵਾਜਬ ਕਾਰਨ ਹੋਵੇ ਕਿ ਇਹ ਉਹਨਾਂ ਦੀ ਸਿਹਤ ਜਾਂ ਸੇਫਟੀ ਲਈ ਬੇਲੋੜਾ ਖਤਰਾ ਪੈਦਾ ਕਰੇਗਾ।

ਇਸ ਤਬਦੀਲੀ ਤੋਂ ਪਹਿਲਾਂ, ਰੈਗੂਲੇਸ਼ਨ ਸਪਸ਼ਟ ਰੂਪ ਵਿੱਚ ਉਸ ਕੰਮ ਨੂੰ, ਜਿਸ ਨੂੰ ਕਰਨ ਤੋਂ ਪਹਿਲਾਂ ਨਾਂਹ ਕੀਤੀ ਗਈ ਹੋਵੇ, ਕਿਸੇ ਹੋਰ ਨੂੰ ਕਰਨ ਲਈ ਕਹਿਣ ਤੋਂ ਰੋਕ ਨਹੀਂ ਲਾਉਂਦੀ ਸੀ ਜਾਂ ਇਹ ਦੱਸਣ ਦੀ ਮੰਗ ਨਹੀਂ ਕਰਦੀ ਸੀ ਕਿ ਪਹਿਲਾਂ ਕੋਈ ਹੋਰ ਵਰਕਰ ਸਿਹਤ ਜਾਂ ਸੇਫਟੀ ਦੇ ਫਿਕਰਾਂ ਕਰਕੇ ਉਸ ਕੰਮ ਨੂੰ ਕਰਨ ਤੋਂ ਨਾਂਹ ਕਰ ਚੁੱਕਾ ਹੈ।

ਓ ਐੱਚ ਐੱਸ ਆਰ ਵਿੱਚ ਤਬਦੀਲੀ ਕਰਕੇ ਵਰਕਸੇਫ ਬੀ ਸੀ ਨੇ ਇਸ ਮਸਲੇ ਦਾ ਹੱਲ ਕੀਤਾ ਹੈ।

ਨਵੇਂ ਨਿਯਮਾਂ ਅਧੀਨ, ਕੰਮ-ਮਾਲਕਾਂ ਨੂੰ ਵਰਕਰਾਂ ਨੂੰ ਲਿਖਤੀ ਤੌਰ `ਤੇ ਸੇਫਟੀ ਦੇ ਫਿਕਰਾਂ ਕਰਕੇ ਕੰਮ ਕਰਨ ਤੋਂ ਕੀਤੀ ਉਸ ਨਾਂਹ ਬਾਰੇ ਦੱਸਣਾ ਪਵੇਗਾ ਜਿਸ ਨਾਂਹ ਦਾ ਅਜੇ ਕੋਈ ਹੱਲ ਨਾ ਲੱਭਿਆ ਗਿਆ ਹੋਵੇ। ਇਹ ਨਿਯਮ ਇਹ ਵੀ ਮੰਗ ਕਰਦੇ ਹਨ ਕਿ ਕੰਮ-ਮਾਲਕ ਬਾਅਦ ਵਿੱਚ ਕੰਮ ਕਰਨ ਵਾਲੇ ਵਰਕਰਾਂ ਨੂੰ ਉਹਨਾਂ ਖਾਸ ਕਾਰਨਾਂ ਬਾਰੇ ਦੱਸਣ ਜਿਹਨਾਂ ਕਰਕੇ ਪਹਿਲੇ ਵਰਕਰ ਨੇ ਮਹਿਸੂਸ ਕੀਤਾ ਸੀ ਕਿ ਇਹ ਕੰਮ ਕਰਨ ਲਈ ਅਣਸੁਰੱਖਿਅਤ ਸੀ। ਕੰਮ-ਮਾਲਕ ਲਈ ਇਹ ਦੱਸਣਾ ਵੀ ਜ਼ਰੂਰੀ ਹੈ ਕਿ ਉਹ ਕੰਮ ਵਰਕਰ ਦੀ ਸਿਹਤ ਅਤੇ ਸੇਫਟੀ ਲਈ ਕਿਉਂ ਖਤਰਾ ਨਹੀਂ ਪੈਦਾ ਕਰੇਗਾ।

ਓ ਐੱਚ ਐੱਸ ਆਰ ਵਿੱਚ ਕੀਤੀ ਇਹ ਤਬਦੀਲੀ ਵਰਕਸੇਫ ਬੀ ਸੀ ਵੱਲੋਂ ਲੋਕਾਂ ਅਤੇ ਸੰਬੰਧਿਤ ਧਿਰਾਂ ਨਾਲ ਕੀਤੇ ਸਲਾਹ-ਮਸ਼ਵਰੇ ਦੇ ਇਕ ਵਿਆਪਕ ਅਮਲ ਤੋਂ ਬਾਅਦ ਕੀਤੀ ਗਈ ਹੈ।

ਵਰਕਸੇਫ ਬੀ ਸੀ ਵਿਖੇ ਪ੍ਰੀਵੈਨਸ਼ਨ ਆਫ ਫੀਲਡ ਸਰਵਿਸਜ਼ ਦੇ ਡਾਇਰੈਕਟਰ ਡੈਨ ਸਟਰੈਂਡ ਦਾ ਕਹਿਣਾ ਹੈ, "ਵਰਕਰਾਂ ਦੀ ਸੇਫਟੀ ਸਾਡੀ ਮੁੱਖ ਪਹਿਲ ਹੈ ਅਤੇ ਨਿਯਮਾਂ ਵਿੱਚ ਇਹ ਤਬਦੀਲੀ ਵਰਕਰਾਂ ਦੀ ਸੁਰੱਖਿਆ ਨੂੰ ਮਜ਼ਬੂਤ ਕਰਦੀ ਹੈ। ਇਹ ਤਬਦੀਲੀ ਕੰਮ ਨੂੰ ਨਾਂਹ ਕਰਨ ਦੇ ਅਮਲ ਨੂੰ ਹੋਰ ਸਪਸ਼ਟ ਕਰਦੀ ਹੈ ਅਤੇ ਵਰਕਰਾਂ ਨੂੰ ਜਾਣਕਾਰੀ ਆਧਾਰਿਤ ਫੈਸਲੇ ਕਰਨ ਦੀ ਆਗਿਆ ਦਿੰਦੀ ਹੈ।"

ਇਸ ਤਬਦੀਲੀ ਦੀ ਲੋੜ ਦੀ ਪਛਾਣ ਸੰਨ 2019 ਵਿੱਚ ਲੀਸਾ ਹੈਲਪਸ ਵੱਲੋਂ ਲਿਖੀ ਰਿਪੋਰਟ, *ਵਰਕਸੇਫ ਬੀ ਸੀ ਐਂਡ ਗਵਰਮੈਂਟ ਐਕਸ਼ਨ ਰਿਵੀਊ: ਕਰਾਸਿੰਗ ਦੀ ਰੂਬੀਕੋਨ,* ਵਿੱਚ ਕੀਤੀ ਗਈ ਸੀ। ਇਸ ਰਿਪੋਰਟ ਲਈ ਕੀਤੀਆਂ ਇੰਟਰਵਿਊਆਂ ਦੌਰਾਨ, ਹੈਲਪਸ ਨੇ ਅਜਿਹੀਆਂ ਉਦਾਹਰਨਾਂ ਬਾਰੇ ਸੁਣਿਆ ਜਿਹਨਾਂ ਵਿੱਚ ਵਰਕਰ ਜਿਹਨਾਂ ਕੰਮਾਂ ਬਾਰੇ ਆਪਣੇ ਸੁਪਰਵਾਇਜ਼ਰਾਂ ਕੋਲ ਸੇਫਟੀ ਦੇ ਫਿਕਰ ਜ਼ਾਹਰ ਕਰਦੇ ਸਨ ਅਤੇ ਕੰਮ ਕਰਨ ਤੋਂ ਨਾਂਹ ਕਰ ਦਿੰਦੇ ਸਨ, ਉਹ ਕੰਮ ਕਿਸੇ ਹੋਰ ਵਰਕਰ ਨੂੰ ਕਰਨ ਲਈ ਦੇ ਦਿੱਤੇ ਜਾਂਦੇ ਸਨ।

ਸਟਰੈਂਡ ਨੇ ਕਿਹਾ, "ਕੰਮ ਵਾਲੀ ਥਾਂ ਦੀ ਫਰੰਟਲਾਈਨ `ਤੇ ਵਰਕਰ ਸਿਹਤ ਅਤੇ ਸੇਫਟੀ ਬਾਰੇ ਤੁਹਾਡੀਆਂ ਅੱਖਾਂ ਅਤੇ ਕੰਨ ਹਨ। ਵਰਕਰ ਕੰਮ ਕਰਨ ਤੋਂ ਨਾਂਹ ਇਸ ਲਈ ਕਰਦੇ ਹਨ ਕਿਉਂਕਿ ਉਹ ਵਿਸ਼ਵਾਸ ਕਰਦੇ ਹਨ ਕਿ ਇਹ ਅਣਸੁਰੱਖਿਅਤ ਹੈ। ਕੰਮ-ਮਾਲਕਾਂ ਲਈ ਜ਼ਰੂਰੀ ਹੈ ਕਿ ਉਹ ਇਹਨਾਂ ਫਿਕਰਾਂ ਨੂੰ ਸੁਣਨ, ਵਰਕਰ ਨਾਲ ਮਿਲ ਕੇ ਖਤਰਿਆਂ ਦਾ ਮੁੱਲਾਂਕਣ ਕਰਨ, ਫੈਸਲੇ ਨੂੰ ਰਿਕਾਰਡ ਕਰਨ ਅਤੇ ਇਹ ਯਕੀਨੀ ਬਣਾਉਣ ਕਿ ਉਹ ਉਸ ਸਥਿਤੀ ਨੂੰ ਠੀਕ ਕਰਨ ਲਈ ਕਦਮ ਚੁੱਕਣਗੇ ਜਿਹੜੀ ਸੰਭਾਵੀ ਤੌਰ `ਤੇ ਨੁਕਸਾਨ ਕਰ ਸਕਦੀ ਹੋਵੇ।"

**ਨਿਊਜ਼ ਰਿਲੀਜ਼**

ਅਣਸੁਰੱਖਿਅਤ ਕੰਮ ਕਰਨ ਤੋਂ ਨਾਂਹ ਕਰਨ ਦੇ ਅਧਿਕਾਰ ਬਾਰੇ ਸਵਾਲ ਪੁੱਛਣ ਲਈ ਵਰਕਰ ਜਾਂ ਕੰਮ-ਮਾਲਕ ਵਰਕਸੇਫ ਬੀ ਸੀ ਦੀ ਪ੍ਰੀਵੈਨਸ਼ਨ ਇਨਫਰਮੇਸ਼ਨ ਲਾਈਨ ਨੂੰ 1-888-621-7233 `ਤੇ ਮੁਫਤ ਫੋਨ ਕਰ ਸਕਦੇ ਹਨ।

**ਵਸੀਲੇ**:

- Media Backgrounder: The Right to Refuse Unsafe Work.
- Regulatory amendment: A primer on refusing unsafe work.
- WorkSafeBC and Government Action Review: Crossing the Rubicon.

-30-

**ਵਰਕਸੇਫ ਬੀ ਸੀ ਬਾਰੇ**

*ਵਰਕਸੇਫ ਬੀ ਸੀ, ਬੀ.ਸੀ. ਵਿਚ ਸੱਟਾਂ, ਬੀਮਾਰੀਆਂ ਅਤੇ ਡਿਸਏਬਿਲਟੀ ਤੋਂ ਰੋਕਥਾਮ ਕਰਨ ਲਈ ਵਰਕਰਾਂ ਅਤੇ ਕੰਮ-ਮਾਲਕਾਂ ਨਾਲ ਕੰਮ ਕਰਦੀ ਹੈ। ਕੰਮ ਨਾਲ ਸੰਬੰਧਿਤ ਸੱਟਾਂ ਲੱਗਣ ਜਾਂ ਬੀਮਾਰੀਆਂ ਹੋਣ' ਤੇ, ਵਰਕਸੇਫ ਬੀ ਸੀ ਲੋਕਾਂ ਦੀ ਸਿਹਤਯਾਬੀ, ਰਾਜ਼ੀ ਹੋਣ, ਅਤੇ ਕੰਮ' ਤੇ ਸੁਰੱਖਿਅਤ ਵਾਪਸੀ ਵਿਚ ਮਦਦ ਕਰਨ ਲਈ ਮੁਆਵਜ਼ਾ ਅਤੇ ਮਦਦ ਦਿੰਦੀ ਹੈ। ਬੀ.ਸੀ. ਭਰ ਵਿਚ ਅਸੀਂ 2.49 ਮਿਲੀਅਨ ਵਰਕਰਾਂ ਅਤੇ 263,000 ਕੰਮ-ਮਾਲਕਾਂ ਨੂੰ ਸੇਵਾਵਾਂ ਦਿੰਦੇ ਹਾਂ।*

**ਹੋ**

**ਰ ਜਾਣਕਾਰੀ ਲਈ ਸੰਪਰਕ ਕਰੋ**:

ਮੀਡੀਆ ਰੀਲੇਸ਼ਨਜ਼, ਵਰਕਸੇਫ ਬੀ ਸੀ

ਈਮੇਲ: media@worksafebc.com

ਟੈਲੀਫੋਨ: 604-276-5157